**BUDHA DAL PUBLIC SCHOOL, PATIALA**
**FIRST TERM EXAMINATION (September 2025)**
**Subject - Punjabi (Set - A)**
**Class - V   Date: 1 September 2025**

**Time: 3 hrs.**   **MM: 80**

---

**ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਯਤਨ ਕਰੋ।**

**ਪਾਠ-ਪੁਸਤਕ ਤੇ ਅਧਾਰਤ**

**ਪ੍ਰ1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਉ:** (5)

1. ਦੀਨਾ ਅਤੇ ਫੀਨਾ ਆਪਸ ਵਿੱਚ ਕੀ ਸਨ?
2. ਮਾਮਾ ਜੀ ਹੱਥ ਵਿੱਚ ਕੀ ਫੜੀ ਆ ਰਹੇ ਸਨ?
3. ਪਾਣੀ ਤੋਂ ਬਣਾਈ ਜਾਂਦੀ ਬਿਜਲੀ ਨੂੰ ਕੀ ਆਖਦੇ ਹਨ?
4. ਕਿਸਾਨ ਹਲ਼ ਲੈ ਕੇ ਕਿੱਥੇ ਚਲੇ ਜਾਂਦੇ ਹਨ?
5. ਗੁਆਂਢੀ ਪਿੰਡ ਵਿੱਚ ਕਿਹੜਾ ਮੇਲਾ ਲੱਗਾ ਸੀ?

**ਪ੍ਰ2. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਥ-ਦੋ ਸਤਰਾਂ ਵਿੱਚ ਦਿਉ: (ਕੋਈ ਚਾਰ)** (8)

1. ਦੀਨੇ ਅਤੇ ਫੀਨੇ ਦਾ ਕੰਮ ਢਿੱਲਾ-ਮਿੱਠਾ ਕਿਉਂ ਚੱਲਦਾ ਸੀ?
2. ਭਾਰਤ ਨੂੰ ਕਿੰਨੇ ਰਾਜਾਂ ਵਿੱਚ ਅਤੇ ਕਿਵੇਂ ਵੰਡਿਆ ਗਿਆ?
3. ਛੋਲਿਆਂ ਦੇ ਹਰੇ-ਭਰੇ ਖੇਤ ਦੇਖ'ਕੇ ਦੀਨੇ ਅਤੇ ਫੀਨੇ ਦੇ ਮਨ ਵਿੱਚ ਕੀ ਆ ਗਿਆ?
4. ਜਲੰਧਰ ਅਤੇ ਲੁਧਿਆਣਾ ਕਿਸ ਕਾਰਨ ਪ੍ਰਸਿੱਧ ਹਨ?
5. ਪਹੁ-ਫੁਟਾਲਾ ਕਿਹੜਾ ਸਮਾਂ ਹੁੰਦਾ ਹੈ? ਛੱਤ ਉੱਪਰ ਕੌਣ-ਕੌਣ ਸੁੱਤਾ ਪਿਆ ਸੀ?

**ਪ੍ਰ3. ਹੇਠਾਂ ਲਿਖੇ ਸ਼ਬਦਾਂ ਦੇ ਅਰਥ ਲਿਖੋ:** (4)

ਕਮਾਈ, ਰਾਹ, ਵਸੋਂ, ਪ੍ਰਾਚੀਨ

**ਪ੍ਰ4. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:** (3)

ਖੂਹ, ਸੈਲਾਨੀ, ਬਾਗ਼

**ਪ੍ਰ5. ਹੇਠਾਂ ਲਿਖੇ ਵਾਕਾਂ ਵਿੱਚ ਖਾਲੀ ਥਾਂ ਭਰੋ: (ਮੂਰਖ, ਪੂਰਬ, ਠੰਢ, ਰਾਸ਼ਟਰੀ, ਖੇਤੀਬਾੜੀ)** (5)

1. ਸੂਰਜ ...................... ਦਿਸ਼ਾ ਵਿੱਚੋਂ ਨਿਕਲਦਾ ਹੈ।
2. ਜਲ੍ਹਿਆਂਵਾਲਾ ਬਾਗ਼ ................ ਮਹੱਤਵ ਵਾਲੀ ਥਾਂ ਹੈ।
3. ਪੰਜਾਬ .................. ਪ੍ਰਧਾਨ ਸੂਬਾ ਹੈ।
4. ਫਾਗਣੀ ਰੁੱਤ ਦੀ .................. ਪੈ ਰਹੀ ਸੀ।
5. ਫਜ਼ੂਲ ਗੱਲਾਂ ਪਿੱਛੇ ਲੜਨ ਵਾਲੇ ਬੰਦੇ .................. ਮੰਨੇ ਜਾਂਦੇ ਹਨ।

A-1

Scanned with OKEN Scanner

ਪ੍ਰ6. ਹੇਠਾਂ ਲਿਖੇ ਵਾਕਾਂ ਅੱਗੇ ਸਹੀ ਜਾਂ ਗਲਤ ਲਿਖੋ: (5)

1. ਦੀਨੇ ਅਤੇ ਫੀਨੇ ਕੋਲ ਬਹੁਤ ਜ਼ਮੀਨ ਸੀ -
2. ਸ੍ਰੀ ਹਰਿਮੰਦਰ ਸਾਹਿਬ ਜਲੰਧਰ ਵਿੱਚ ਹੈ -
3. ਅੱਜ-ਕੱਲ੍ਹ ਹਲ ਚਲਾਉਣ ਲਈ ਟਰੈਕਟਰ ਦੀ ਵਰਤੋਂ ਕੀਤੀ ਜਾਂਦੀ ਹੈ -
4. ਹਰੇ-ਭਰੇ ਖੇਤ ਦੇਖ ਕੇ ਦੋਹਾਂ ਦੇ ਮਨ ਵਿੱਚ ਲਾਲਚ ਆ ਗਿਆ -
5. ਪੰਜਾਬ ਵਿੱਚ ਕੁੱਲ 35 ਜ਼ਿਲ੍ਹੇ ਹਨ -

**ਪੜ੍ਹਨ-ਕੌਸ਼ਲ**

**ਪ੍ਰ7. ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ।** (5)

ਸਿੱਖਿਆ ਜ਼ਿੰਦਗੀ ਭਰ ਚੱਲਦੀ ਹੈ। ਇਹ ਗਿਣਤੀ ਦੀਆਂ ਜਮਾਤਾਂ ਪਾਸ ਕਰਨ ਨਾਲ਼ ਖ਼ਤਮ ਨਹੀਂ ਹੁੰਦੀ। ਸਾਨੂੰ ਹਰ ਪਲ ਕੁਝ ਨਵਾਂ ਸਿੱਖਣ ਦਾ ਮੌਕਾ ਮਿਲਦਾ ਹੈ। ਕੁਦਰਤ ਤੋਂ ਸਿੱਖਣ ਲਈ ਵੀ ਕਿੰਨਾ ਕੁਝ ਹੈ। ਆਪਣੇ ਤੋਂ ਵੱਡੀ ਉਮਰ ਦੇ ਅਤੇ ਵੱਧ ਪੜ੍ਹੇ-ਲਿਖੇ ਲੋਕਾਂ ਤੋਂ ਵੀ ਕੁਝ ਨਾ ਕੁਝ ਸਿੱਖਿਆ ਜਾ ਸਕਦਾ ਹੈ। ਸਿਆਣੇ ਲੋਕ ਦੂਜਿਆਂ ਦੇ ਤਜ਼ਰਬਿਆਂ ਤੋਂ ਵੀ ਲਾਭ ਉਠਾਉਂਦੇ ਹਨ। ਲਾਇਬਰੇਰੀ ਸਿੱਖਿਆ ਦਾ ਸਸਤਾ ਸਾਧਨ ਹੈ। ਨਦੀ ਦੇ ਵਗਦੇ ਪਾਣੀ ਵਾਂਗ ਸਾਨੂੰ ਹਮੇਸ਼ਾ ਕੁਝ ਨਾ ਕੁਝ ਸਿੱਖਦੇ ਰਹਿਣਾ ਚਾਹੀਦਾ ਹੈ।

1. ਕਿਹੜੇ ਲੋਕ ਦੂਜਿਆਂ ਦੇ ਤਜ਼ਰਬੇ ਤੋਂ ਸਿੱਖਦੇ ਹਨ?
2. ਸਿੱਖਿਆ ਦਾ ਸਸਤਾ ਸਾਧਨ ਕੀ ਹੈ?
3. ਕਿਸ ਵਾਂਗ ਸਿੱਖਦੇ ਰਹਿਣਾ ਚਾਹੀਦਾ ਹੈ?
4. ਸਿੱਖਿਆ ਕਦੋਂ ਤੱਕ ਚੱਲਦੀ ਹੈ?
5. ਪੈਰ੍ਹੇ ਦਾ ਸਿਰਲੇਖ ਦੱਸੋ।

**ਵਿਆਕਰਨ**

**ਪ੍ਰ8. ਹੇਠ ਲਿਖੇ ਵਾਕਾਂ ਵਿੱਚ ਕਿਰਿਆ ਦੀਆਂ ਕਿਸਮਾਂ ਦੇ ਨਾਂ ਲਿਖੋ।** (5)

1. ਕਹਾਣੀਕਾਰ ਕਹਾਣੀ ਲਿਖਦਾ ਹੈ।
2. ਮੇਰਾ ਭਰਾ ਅੰਬ ਖਾ ਰਿਹਾ ਹੈ।
3. ਰਮਨ ਖੇਡਦਾ ਹੈ।
4. ਗਾਇਕ ਗਾਉਂਦਾ ਹੈ।
5. ਰਾਮ ਕਿਤਾਬ ਪੜ੍ਹ ਰਿਹਾ ਹੈ।

**ਪ੍ਰ9. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ।** (5)

1. ਜੋ ਜਿੱਤਿਆ ਨਾ ਜਾ ਸਕੇ -
2. ਕਵਿਤਾਵਾਂ ਲਿਖਣ ਵਾਲ਼ਾ -
3. ਪਿਤਾ ਦਾ ਛੋਟਾ ਭਰਾ -
4. ਵਿਦੇਸ਼ ਤੋਂ ਆਉਣ ਵਾਲਾ -
5. ਇੱਕੋਂ ਸਮੇਂ ਦੇ ਹੋਣ ਵਾਲੇ ਦੋ ਵਿਅਕਤੀ -

Scanned with OKEN Scanner

ਪ੍ਰ10. ਸਹੀ ਸ਼ਬਦ ਚੁਣ ਕੇ ਖਾਲੀ ਥਾਂ ਭਰੋ। (5)

1. ਕਮਲ ਭਾਰਤ ਦਾ ਰਾਸ਼ਟਰੀ .................. ਹੈ। (ਫੁੱਲ, ਫਲ)
2. ਜਿੱਥੇ ਚਾਹ, ਉੱਥੇ ..................। (ਗਾਹ, ਰਾਹ)
3. ਧਰਤੀ ਦਾ ਸਵਰਗ .................... ਨੂੰ ਕਹਿੰਦੇ ਹਨ। (ਸ਼ਿਮਲਾ, ਕਸ਼ਮੀਰ)
4. ............... ਸਭ ਤੋਂ ਉੱਤਮ ਨੀਤੀ ਹੈ। (ਇਮਾਨਦਾਰੀ, ਈਰਖਾ)
5. ਅੰਤ ਭਲੇ ਦਾ ..................। (ਬੁਰਾ, ਭਲਾ)

ਪ੍ਰ11. ਹੇਠ ਲਿਖੇ ਮੁਹਾਵਰਿਆਂ ਦੇ ਸਹੀ ਅਰਥ ਚੁਣ ਕੇ ਲਿਖੋ। (5)

(ਡਰ ਜਾਣਾ, ਏਕਤਾ ਹੋਣੀ, ਹੌਂਸਲਾ ਦੇਣਾ, ਚਲਾਕੀ ਕਰਨੀ, ਨਿਰਾਦਰ ਕਰਨਾ)

1. ਉੱਚਾ ਨੀਵਾਂ ਬੋਲਣਾ -
2. ਇੱਕਮੁੱਠ ਹੋਣਾ -
3. ਸਾਹ ਸੁੱਕ ਜਾਣਾ -
4. ਹੱਲਾ-ਸ਼ੇਰੀ ਦੇਣਾ -
5. ਉਸਤਾਦੀ ਕਰਨੀ -

ਪ੍ਰ12. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ। (3)

1. ਜਿਨ੍ਹਾਂ ਸ਼ਬਦਾਂ ਦਾ ਕੋਈ ਅਰਥ ਹੁੰਦਾ ਹੈ, ਉਸਨੂੰ ਕੀ ਆਖਦੇ ਹਨ?
2. ਸਾਰਥਕ ਅਤੇ ਨਿਰਾਰਥਕ ਸ਼ਬਦਾਂ ਨੂੰ ਅਲੱਗ-ਅਲੱਗ ਕਰਕੇ ਲਿਖੋ:-

   ਰਾਟੀ, ਪਾਣੀ, ਚੁਰਖਾ, ਦੁੱਧ

ਪ੍ਰ13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ। (4)

1. ਵਿਆਕਰਨ ਦੇ ਕਿੰਨੇ ਅੰਗ (ਭਾਗ) ਹਨ?
2. ਪੰਜਾਬ ਦੀ ਰਾਜ ਭਾਸ਼ਾ ਕਿਹੜੀ ਹੈ?
3. ਪੰਜਾਬੀ ਵਰਨਮਾਲਾ ਵਿੱਚ ਕੁੱਲ ਕਿੰਨੇ ਅੱਖਰ ਹਨ?
4. ਪੰਜਾਬੀ ਵਰਨਮਾਲਾ ਵਿੱਚ ਕਿੰਨੇ ਸਵਰ ਹਨ?

ਪ੍ਰ14. ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ। (5)

ਅਸਮਾਨ, ਉਮੀਦ, ਅਮਨ, ਸੱਚ, ਔਖ

## ਲਿਖਣ-ਕੌਸ਼ਲ

ਪ੍ਰ15. ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਆਚਰਨ ਸਰਟੀਫ਼ਿਕੇਟ ਲੈਣ ਲਈ ਬਿਨੈ - ਪੱਤਰ ਲਿਖੋ। (6)

ਜਾਂ

ਆਪਣੇ ਇਲਾਕੇ ਦੇ ਡਾਕੀਏ ਦੀ ਲਾਪਰਵਾਹੀ ਸੰਬੰਧੀ ਪੋਸਟ ਮਾਸਟਰ ਨੂੰ ਸ਼ਿਕਾਇਤ ਕਰਨ ਸੰਬੰਧੀ ਬਿਨੈ - ਪੱਤਰ ਲਿਖੋ।

ਪ੍ਰ16. ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (7)

**ਵਿਸਾਖੀ ਦਾ ਮੇਲਾ**

ਨੁਕਤੇ - ਭੂਮਿਕਾ, ਮੇਲੇ ਨੂੰ ਮਨਾਉਣ ਦਾ ਕਾਰਨ, ਇਤਿਹਾਸਕ ਕਾਰਨ, ਮੇਲੇ ਦਾ ਨਜ਼ਾਰਾ, ਸਾਰੰਸ਼।

ਜਾਂ

**ਮੋਬਾਇਲ ਦੇ ਲਾਭ-ਹਾਨੀਆਂ**

ਨੁਕਤੇ - ਜਾਣ-ਪਛਾਣ, ਕੰਮ ਧੰਦੇ ਵਿੱਚ ਵਾਧਾ, ਸਮੇਂ ਦੀ ਬੱਚਤ, ਸੁੱਖ ਸੁਨੇਹਾ ਭੇਜਣ ਦਾ ਸਾਧਨ, ਪੁਲਿਸ ਨੂੰ ਅਸਾਨੀ, ਹਾਨੀਆਂ, ਸਾਰੰਸ਼।



Scanned with OKEN Scanner